**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)

ਪੰਜਾਬ।

ਮੀਮੋ ਨੰ: 15/55-੨੦੧੯ ਏ(1)/੨੦੨੦176178

ਮਿਤੀ: ੨੧/07/੨੦੨੦

**ਵਿਸ਼ਾ:-** **ਉਚੇਰੀ ਸਿੱਖਿਆ ਹਾਸਿਲ ਕਰਨ ਦੀ ਪ੍ਰਵਾਨਗੀ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਸਿੱਖਿਆ ਵਿਭਾਗ ਦੇ ਕੁਝ ਅਧਿਆਪਕਾਂ/ਮੁਲਾਜ਼ਮਾਂ ਦੁਆਰਾ ਉਚੇਰੀ ਸਿੱਖਿਆ ਹਾਸਿਲ ਕਰਨ ਦੀ ਪ੍ਰਵਾਨਗੀ ਲਈ ਸਬੰਧਤ ਅਥਾਰਟੀ ਕੋਲ ਅਰਜੀਆਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਕੇਸਾਂ ਦਾ ਇੱਕ ਸਾਫਟਵੇਅਰ ਬਣਾਉਣ ਉਪਰੰਤ ਪੂਰੀ ਤਰ੍ਹਾਂ ਪਾਰਦਰਸ਼ੀ ਤਰੀਕੇ ਨਾਲ ਨਿਪਟਾਰਾ ਕੀਤਾ ਜਾਂਦਾ ਹੈ। ਕੁਝ ਅਧਿਆਪਕਾਂ ਦੁਆਰਾ ਇਹ ਗੱਲ ਧਿਆਨ ਵਿੱਚ ਲਿਆਂਦੀ ਗਈ ਹੈ ਕਿ ਉਨ੍ਹਾਂ ਦੇ ਕੇਸਾਂ ਵਿੱਚ ਅਜੇ ਵੀ ਕੁਝ ਇਤਰਾਜ਼ ਲਗਾਏ ਜਾਂਦੇ ਹਨ।

3.0 ਇਸ ਮਾਮਲੇ ਨੂੰ ਪੂਰੀ ਤਰ੍ਹਾਂ ਵਿਚਾਰਿਆ ਗਿਆ ਹੈ ਅਤੇ ਇਹ ਪਾਇਆ ਗਿਆ ਹੈ ਕਿ ਕੁਝ ਸਬੰਧਤ ਅਥਾਰਟੀਆਂ ਕੋਲ ਸਪੱਸ਼ਟ ਹਦਾਇਤਾਂ ਨਾ ਹੋਣ ਕਾਰਨ ਇਨ੍ਹਾਂ ਕੇਸਾਂ ਤੇ ਕੁਝ ਇਤਰਾਜ਼ ਲੱਗ ਜਾਂਦੇ ਹਨ। ਇਸ ਸਬੰਧ ਵਿੱਚ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵੀ ਅਧਿਆਪਕ/ਮੁਲਾਜ਼ਮ ਉਚੇਰੀ ਸਿੱਖਿਆ ਹਾਸਿਲ ਕਰਨ ਲਈ ਅਰਜੀ ਦਿੰਦਾ ਹੈ ਤਾਂ ਉਸ ਨੂੰ ਅਜਿਹੀ ਪ੍ਰਵਾਨਗੀ ਇਸ ਸ਼ਰਤ ਤੇ ਦਿੱਤੀ ਜਾਵੇ ਕਿ:-

1. ਉਸ ਨੂੰ ਇਸ ਮੰਤਵ ਲਈ ਪ੍ਰੀਖਿਆ ਵਾਲੇ ਦਿਨ ਤੋਂ ਇਲਾਵਾ ਕੋਈ ਵੀ ਛੁੱਟੀ ਨਹੀਂ ਦਿੱਤੀ ਜਾਵੇਗੀ।
2. ਇਸ ਦੇ ਨਾਲ ਹੀ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਰੈਗੂਲਰ ਕੋਰਸ ਲਈ ਕੋਈ ਪ੍ਰਵਾਨਗੀ ਬਿਨਾ ਸਰਕਾਰ ਦੀ ਮੰਨਜ਼ੂਰੀ ਤੋਂ ਨਾ ਦਿੱਤੀ ਜਾਵੇ।

**ਸਕੱਤਰ ਸਕੂਲ ਸਿੱਖਿਆ**